# ਮੋਨਾ ਨੂੰ ਪਸੰਦ ਹੈ ਰੋਟੀ

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ

# ਮੋਨਾ ਨੂੰ ਪਸੰਦ ਹੈ ਰੋਟੀ

ਲੇਖਕ
ਸੰਧਿਆ ਤਕਸਲੇ

ਚਿੱਤਰਕਾਰ
ਸ਼ੈਜਾ ਜੈਨ ਚੌਂਗਲੇ
ਪਵਨਦੀਪ ਕੌਰ

ਪੰਜਾਬੀ ਅਨੁਵਾਦ
ਜਸਵਿੰਦਰ ਕੌਰ



“ਮੰਮੀ, ਤੁਸੀਂ ਰੋਟੀ ਕਿਵੇਂ ਬਣਾਉਂਦੇ ਹੋ?”

“ਇਸ ਛੋਟੇ ਜਿਹੇ ਨਰਮ ਪੇੜੇ ਨਾਲ।”



“ਇਹ ਪੇੜਾ ਕਿਵੇਂ ਬਣਦਾ?”

“ਇਸ ਨਰਮ ਆਟੇ ਤੋਂ।”



“ਇਹ ਆਟਾ ਕਿੱਥੋਂ ਆਉਂਦਾ ਹੈ?”

“ਆਟਾ ਕਣਕ ਦੇ ਸੁਨਹਿਰੀ ਦਾਣਿਆਂ ਤੋਂ ਬਣਦਾ ਹੈ।”



“ਇਹ ਕਣਕ ਦੇ ਦਾਣੇ ਕਿੱਥੋਂ ਆਉਂਦੇ ਹਨ?”

“ਇਹਨਾਂ ਨੂੰ ਅਸੀਂ ਆਪਣੇ ਖੇਤਾਂ ਵਿੱਚ ਉਗਾਉਂਦੇ ਹਾਂ।”



“ਅਸੀਂ ਕਣਕ ਕਿਵੇਂ ਉਗਾਉਂਦੇ ਹਾਂ?”

“ਅਸੀਂ ਖੇਤ ਵਿੱਚ ਬੀਜ ਬੀਜਦੇ ਹਾਂ।
ਕਣਕ ਉੱਗਦੀ ਹੈ ਅਤੇ ਫਿਰ..”



“ਪੌਦੇ ਵਧਦੇ ਹਨ ਅਤੇ ਫ਼ਸਲ ਪੱਕਦੀ ਹੈ।”

“ਅਤੇ ਉਸ ਤੋਂ ਬਾਅਦ ?”



“ਸਾਨੂੰ ਮਿਲਦੇ ਹਨ ਕਣਕ ਦੇ ਦਾਣੇ ਅਤੇ ਸਾਡੀ ਮੋਨਾ ਨੂੰ ਮਿਲਦੀ ਹੈ ਰੋਟੀ।”



“ਫੁੱਲੀ ਹੋਈ

ਗਰਮਾ-ਗਰਮ

ਅਤੇ

ਮਜ਼ੇਦਾਰ ਰੋਟੀ।”

# ਆਓ ਜਾਣੀਏ, ਸਾਨੂੰ ਰੋਟੀ ਕਿਵੇਂ ਅਤੇ ਕਿੱਥੋਂ ਮਿਲਦੀ ਹੈ।

**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS
**storyweaver**

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ